

ਤੱਥ ਸ਼ੀਟ

# ਜਦੋਂ ਕੋਈ ਰਿਸਾਵ ਹੋਵੇ ਓਦੋਂ ਕੀ ਕਰਨਾ ਚਾਹੀਦਾ ਹੈ

## ਸਥਾਨਕ ਐਮਰਜੈਂਸੀ ਸੇਵਾਵਾਂ ਨਾਲ ਸੰਪਰਕ ਕਰੋ

ਮੈਡੀਕਲ ਐਮਰਜੈਂਸੀ ਅਤੇ ਸਥਾਨਕ ਅੱਗ, ਪੁਲਿਸ ਅਤੇ ਡਾਕਟਰੀ ਸੇਵਾਵਾਂ ਤੋਂ ਜਨਤੱਕ ਸੁਰੱਖਿਆ ਸਹਾਇਤਾ ਲਈ 911 ’ਤੇ ਕਾਲ ਕਰੋ।

## ਤੁਰੰਤ ਰਿਸਾਵ ਦੀ ਰਿਪੋਰਟ ਕਰੋ

ਓਰੇਗਨ ਐਮਰਜੈਂਸੀ ਰਿਸਪਾਂਸ ਸਿਸਟਮ, 1-800- 452-0311, ਨੂੰ ਤੁਰੰਤ ਰਿਸਾਵ ਜਾਂ ਰਿਸਾਵ ਦੇ ਖਤਰੇ ਰਿਪੋਰਟ ਕਰੋ, ਜਦੋਂ ਰਿਸਾਵ ਜਾਂ ਰਿਸਾਵ ਦੇ ਖਤਰੇ ਵਿੱਚ ਇਹ ਸ਼ਾਮਲ ਹੋਣ:

- ਰਾਜ ਦੇ ਪਾਣੀ ਵਿੱਚ ਤੇਲ ਦੀ ਕੋਈ ਵੀ ਮਾਤਰਾ।
- ਜ਼ਮੀਨ ’ਤੇ 42 ਗੈਲਨ ਤੋਂ ਵੱਧ ਤੇਲ ਦਾ ਰਿਸਾਵ।
- ਖਤਰਨਾਕ ਸਮੱਗਰੀ ਅਤੇ ਰਿਪੋਰਟ ਕਰਨ ਯੋਗ ਮਾਤਰਾਵਾਂ ਜੋ ਕੋਡ ਆਫ਼ ਫੈਡਰਲ ਰੈਗੂਲੇਸ਼ਨਜ਼, 40 CFR ਭਾਗ 302.4 ਦੇ ਬਰਾਬਰ ਹੋਣ।

## ਅਮਰੀਕੀ ਵਾਤਾਵਰਣ ਸੁਰੱਖਿਆ ਏਜੰਸੀ ਵੱਲੋਂ ਸੂਚਨਾ

ਤੇਲ ਜਾਂ ਖਤਰਨਾਕ ਸਮੱਗਰੀ ਦੇ ਕੁਝ ਰਿਸਾਵਾਂ ਲਈ ਨੈਸ਼ਨਲ ਰਿਸਪਾਂਸ ਸੈਂਟਰ, 1-800-424-8802, ਨੂੰ ਇੱਕ ਵੱਖਰੀ ਸੂਚਨਾ ਦੀ ਲੋੜ ਹੋਵੇਗੀ। ਇਹ ਨਿਰਧਾਰਿਤ ਕਰਨ ਲਈ ਵਧੇਰੀ ਜਾਣਕਾਰੀ ਵਾਸਤੇ EPA ਦੀ ਐਮਰਜੈਂਸੀ ਰਿਸਪਾਂਸ ਵੈੱਬਸਾਈਟ ’ਤੇ ਜਾਓ ਕਿ ਤੁਹਾਨੂੰ ਫੈਡਰਲ ਸਿਸਟਮ ਨੂੰ ਰਿਪੋਰਟ ਕਰਨ ਦੀ ਲੋੜ ਹੈ ਜਾਂ ਨਹੀਂ।

## ਹੋਰ ਕਾਰਵਾਈਆਂ

- ਜੇਕਰ ਤੁਹਾਨੂੰ ਕੋਈ ਗੰਧ ਆਉਂਦੀ ਹੈ ਅਤੇ ਤੁਸੀਂ ਇਸ ਬਾਰੇ ਯਕੀਨੀ ਨਹੀਂ ਹੋ ਕਿ ਉਹ ਸੁਰੱਖਿਅਤ ਹੈ ਜਾਂ ਨਹੀਂ ਤਾਂ ਰਿਸਾਵ ਤੋਂ ਦੂਰ ਹੋ ਜਾਓ ਜਾਂ ਉਲਟ ਦਿਸ਼ਾ ਵਿੱਚ ਚਲੇ ਜਾਓ।
- ਤਰਲ ਪਦਾਰਥਾਂ ਜਾਂ ਜ਼ਹਿਰੀਲੀ ਧੂੰਆਂਕ ਦੇ ਸੰਪਰਕ ਵਿੱਚ ਆਉਣ ਤੋਂ ਬਚੋ।
- ਗੈਰ-ਐਮਰਜੈਂਸੀ ਲੋਕਾਂ ਨੂੰ ਖੇਤਰ ਤੋਂ ਬਾਹਰ ਰੱਖੋ।
- ਰਿਸਾਵ ਨੂੰ ਨਿਯੰਤ੍ਰਿਤ ਅਤੇ ਸੀਮਿਤ ਕਰੋ।
- ਜੋ ਤੁਸੀਂ ਕਰ ਸਕਦੇ ਹੋ ਉਸਨੂੰ ਤੁਰੰਤ ਸਾਫ਼ ਕਰੋ।
- ਸਫ਼ਾਈ ਸਮੱਗਰੀ ਨੂੰ ਕਿਸੇ ਪ੍ਰਵਾਨਿਤ ਅਸਥਾਨ ’ਤੇ ਲੈ ਜਾਓ (ਜਿਵੇਂ ਠੋਸ ਜਾਂ ਖਤਰਨਾਕ ਰਹਿੰਦ-ਖੂੰਹਦ ਦੀ ਲੈਂਡਫਿਲ ਜਾਂ ਰੀਸਾਈਕਲਿੰਗ ਦੀ ਸਹੂਲਤ।) ਦਸਤਾਵੇਜ਼ਾਂ ਲਈ ਆਪਣੀਆਂ ਰਸੀਦਾਂ ਰੱਖਿਅਤ ਕਰੋ।
- ਲੰਮੇ ਸਮੇਂ ਤੱਕ ਸਫ਼ਾਈ ਦੇ ਕਦਮ ਜਾਰੀ ਰੱਖੋ।
- DEQ ਨਾਲ ਪੂਰਾ ਕੀਤਾ ਗਿਆ ਸਪਿੱਲ ਰੀਲੀਜ਼ ਰਿਪੋਰਟ ਫ਼ਾਰਮ ਦਰਜ ਕਰੋ

## ਤੁਹਾਡੀ ਭੂਮਿਕਾ

ਤੁਸੀਂ ਆਪਣੇ ਰਿਸਾਵ ਨੂੰ ਤੁਰੰਤ ਸਾਫ਼ ਕਰਨ ਲਈ ਜ਼ਿੰਮੇਵਾਰ ਹੋ, ਉਸ ਵਿੱਚ ਸ਼ਾਮਲ ਮਾਤਰਾ ਭਾਵੇਂ ਜੋ ਵੀ ਹੋਵੇ।

ਜੋ ਵਿਅਕਤੀ ਉਤਪਾਦ ਦਾ ਰਿਸਾਵ ਕਰਦਾ ਹੈ, ਅਤੇ ਜੋ ਵਿਅਕਤੀ ਤੇਲ ਜਾਂ ਖਤਰਨਾਕ ਸਮੱਗਰੀ ਦਾ ਮਾਲਕ ਹੈ ਜਾਂ ਜਿਸ ਕੋਲ ਉਸਦਾ ਅਧਿਕਾਰ ਹੈ, ਇਹ ਉਨ੍ਹਾਂ ਦੀ ਜ਼ਿੰਮੇਵਾਰੀ ਬਣਦੀ ਹੈ। ਰਿਸਾਵ ’ਤੇ ਤੁਰੰਤ ਕਾਰਵਾਈ ਕਰਨ ਲਈ ਤੁਹਾਨੂੰ ਕਿਸੇ ਯੋਗ ਠੇਕੇਦਾਰ ਜਾਂ ਸਹੀ ਢੰਗ ਨਾਲ ਸਿਖਲਾਈ ਪ੍ਰਾਪਤ ਅਤੇ ਉਪਕਰਣਾਂ ਨਾਲ ਲੈਸ ਕਰਮਚਾਰੀਆਂ ਨੂੰ ਨਿਯੁਕਤ ਕਰਨ ਦੀ ਲੋੜ ਪੈ ਸਕਦੀ ਹੈ। ਜੇਕਰ ਤੁਸੀਂ ਆਪਣੇ ਰਿਸਾਵ ਨੂੰ ਸਾਫ਼ ਕਰਨ ਵਿੱਚ ਨਾਕਾਮ ਰਹਿੰਦੇ ਹੋ, ਤਾਂ DEQ ਤੁਹਾਡੇ ਲਈ ਉਸਨੂੰ ਸਾਫ਼ ਕਰ ਸਕਦਾ ਹੈ ਅਤੇ, ਕਨੂੰਨ ਦੁਆਰਾ ਮਨਜ਼ੂਰਸ਼ੁਦਾ ਢੰਗ ਨਾਲ, ਸਫ਼ਾਈ ਦੀ ਅਸਲ ਲਾਗਤ ਤੋਂ ਇਲਾਵਾ, ਤੁਹਾਨੂੰ ਸਫ਼ਾਈ ਦੀ ਲਾਗਤ ਤੋਂ ਤਿੰਨ ਗੁਣਾ ਤੱਕ ਜੁਰਮਾਨਾ ਕਰ ਸਕਦਾ ਹੈ (ਓਰੇਗਨ ਪ੍ਰਬੰਧਕੀ ਨਿਯਮ 340-142)

## DEQ ਦੀ ਭੂਮਿਕਾ

ਪਿੱਛਲਾ ਅਪਡੇਟ: 5 ਦਸੰਬਰ, 2022

DEQ ਇਹ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹੈ ਕਿ ਸਫ਼ਾਈ ਇਸ ਤਰੀਕੇ ਨਾਲ ਪੂਰੀ ਕੀਤੀ ਜਾਂਦੀ ਹੈ ਜੋ ਮਨੁੱਖੀ ਸਿਹਤ ਅਤੇ ਵਾਤਾਵਰਣ ਦੀ ਰੱਖਿਆ ਕਰਦਾ ਹੈ। ਓਰੇਗਨ ਦੇ ਕਨੂੰਨ ਦੇ ਤਹਿਤ ਇਹ ਵੀ ਜ਼ਰੂਰੀ ਹੈ ਕਿ ਇਸ ਜ਼ਿੰਮੇਵਾਰੀ ਨੂੰ ਪੂਰਾ ਕਰਨ ਵਿੱਚ DEQ ਨੂੰ ਆਪਣੀ ਲਾਗਤ ਵੀ ਵਸੂਲਣੀ ਚਾਹੀਦੀ ਹੈ।

ਡੁੱਲ੍ਹੀ ਹੋਈ ਸਮੱਗਰੀ ਦੀ ਕਿਸਮ ਅਤੇ ਮਾਤਰਾ, ਅਤੇ ਲੋਕਾਂ ਜਾਂ ਵਾਤਾਵਰਣ ਨੂੰ ਸੰਭਾਵੀ ਖਤਰੇ 'ਤੇ ਨਿਰਭਰ ਕਰਦੇ ਹੋਏ, DEQ ਸਫ਼ਾਈ ਦੀ ਨਿਗਰਾਨੀ ਕਰਨ ਦੀ ਚੋਣ ਕਰ ਸਕਦਾ ਹੈ। ਇਹ ਨਿਗਰਾਨੀ ਮੌਕੇ 'ਤੇ DEQ ਦੇ ਸਟਾਫ਼, ਫ਼ੋਨ ਸੰਪਰਕ, ਦਸਤਾਵੇਜ਼ਾਂ ਦੀ ਸਮੀਖਿਆ ਜਾਂ ਇਨ੍ਹਾਂ ਕਦਮਾਂ ਦੇ ਮੇਲ ਦੇ ਰੂਪ ਵਿੱਚ ਹੋ ਸਕਦੀ ਹੈ। ਤੁਸੀਂ ਇਸ ਨਿਗਰਾਨੀ ਦੀ ਲਾਗਤ ਲਈ ਜ਼ਿੰਮੇਵਾਰ ਹੋ ਅਤੇ ਆਮ ਤੌਰ 'ਤੇ 45 ਦਿਨਾਂ ਦੇ ਅੰਦਰ ਤੁਹਾਨੂੰ ਬਿਲ ਕੀਤਾ ਜਾਵੇਗਾ।

## ਸੰਪਰਕ

ਆਪਣੇ ਖੇਤਰ ਵਿੱਚ ਸਟੇਟ ਆਨ-ਸੀਨ ਕੋਆਰਡੀਨੇਟਰ ਨਾਲ ਸੰਪਰਕ ਕਰੋ:

- ਉੱਤਰ ਪੱਛਮੀ ਖੇਤਰ ਪੋਰਟਲੈਂਡ-ਮੈਟਰੋ ਅਤੇ ਉੱਤਰੀ ਤੱਟ, ਕੇਵਿਨ ਚੈਨ, 971-563-8819, Kevin.Chan@deq.oregon.gov
- ਪੱਛਮੀ ਖੇਤਰ – ਵਿਲਾਮੇਟ ਵੈਲੀ, ਕੈਸਕੇਡਜ਼, ਕੇਂਦਰੀ ਅਤੇ ਦੱਖਣੀ ਤੱਟ, ਜੈਫ ਬ੍ਰਾਊਨ, 541-501-2145, Geoff.Brown@deq.oregon.gov
- ਪੂਰਵੀ ਖੇਤਰ – ਈਸਟ ਆਫ਼ ਕੈਸਕੇਡਜ਼, ਚਾਰਲਸ ਕੈਨੇਡੀ, 541-633-2015, Charles.Kennedy@deq.oregon.gov

## ਵਿਕਲਪਕ ਫਾਰਮੈਟ

ਬੇਨਤੀ ਕਰਨ 'ਤੇ DEQ ਇੱਕ ਵਿਕਲਪਕ ਫਾਰਮੈਟ ਜਾਂ ਅੰਗਰੇਜ਼ੀ ਤੋਂ ਇਲਾਵਾ ਕਿਸੇ ਹੋਰ ਭਾਸ਼ਾ ਵਿੱਚ ਦਸਤਾਵੇਜ਼ ਮੁਹੱਈਆ ਕਰ ਸਕਦਾ ਹੈ। DEQ ਨੂੰ 800-452-4011 'ਤੇ ਕਾਲ ਕਰੋ ਜਾਂ deqinfo@deq.oregon.gov 'ਤੇ ਈਮੇਲ ਕਰੋ।

### Translation or other formats

**Español** | 한국어 | 繁體中文 | **Русский** | **Tiếng Việt** | العربية

800-452-4011 | TTY: 711 | deqinfo@deq.oregon.gov

### Non-discrimination statement

DEQ does not discriminate on the basis of race, color, national origin, disability, age or sex in administration of its programs or activities. Visit DEQ's Civil Rights and Environmental Justice page.